(18)

ਬਾ-ਅਦਾਲਤ (ਡਾ. ਜੀ. ਵਜਰਾਲਿੰਗਮ) ਰਜਿਸਟਰਾਰ ਸਹਿਕਾਰੀ ਸਭਾਵਾਂ, ਪੰਜਾਬ ਚੰਡੀਗੜ੍ਹ।

ਪਟੀਸਨ ਨੰ. 51/2009

ਸ੍ਰੀਮਤੀ ਮਧੂ ਵਾਲੀਆ ਪਤਨੀ ਸ੍ਰੀ ਬਰੀਜ ਮੋਹਣ ਵਾਲੀਆਂ ਕਲਰਕ ਦੀ ਹੁਸ਼ਿਆਰਪੁਰ ਕੇਂਦਰੀ ਸਹਿਕਾਰੀ ਬੈਂਕ ਲਿਮ. ਹੁਸ਼ਿਆਰਪੁਰ।

ਪਟੀਸਨਰ (ਪ੍ਰਾਰਥਕ)

ਬਨਾਮ

1 ਦੀ ਹੁਸ਼ਿਆਰਪੁਰ ਕੇਂਦਰੀ ਸਹਿਕਾਰੀ ਬੈਂਕ ਲਿਮ: ਹੁਸ਼ਿਆਰਪੁਰ ਰਾਹੀਂ (ਜਿਲਾ ਮੈਨੇਜਰ)

2 ਪ੍ਰਬੰਧਕ ਕਮੇਟੀ ਦੀ ਹੁਸ਼ਿਆਰਪੁਰ ਕੇਂਦਰੀ ਸਹਿਾਰੀ ਬੈਂਕ ਲਿਮ. ਹੁਸ਼ਿਆਰਪੁਰ (ਬੈਂਕ ਦੇ ਪ੍ਰਬੰਧਕ ਨਿਰਦੇਸ਼ਕ ਰਾਹੀਂ)

3 ਸ੍ਰੀ ਗੁਰਦੇਵ ਸਿੰਘ, ਪ੍ਰਬੰਧਕ ਨਿਰਦੇਸ਼ਕ ਦੀ ਹੁਸ਼ਿਆਰਪੁਰ ਕੇਂਦਰੀ ਸਹਿਕਾਰੀ ਬੈਂਕ ਹੁਸਿਆਰਪੁਰ।

4 ਸ੍ਰੀ ਕਰਨੈਲ ਸਿੰਘ ਪੜਤਾਲ ਅਫਸਰ ਰਾਹੀਂ ਜਿਲਾ ਮੈਨੇਜਰ ਦੀ ਹੁਸ਼ਿਆਰਪੁਰ ਕੇਂਦਰੀ ਸਹਿਕਰੀ ਬੈਂਕ ਹੁਸ਼ਿਆਰਪੁਰ।

ਉਤਰਵਾਦੀ (ਲੜੀ ਨੰ. 1 ਤੋਂ 4)

Revision Petition under Section 69 of the Punjab Co-operative Societies Act, 1961 (hereafter called the Act) against order P-8 passed by the District Manager of the respondent bank rejecting application P-7 filed by the Petitioner against de novo inquiry proceedings started by the I/O (respondent no. 4) appointed vide order P-5 replacing the earlier I/O who completed the inquiry proceedings on 24-5-2009 with the prayer for setting aside order p-8 and proceedings of I/O 26-6-09 (P-9) and directing the I/O to proceed from the stage where he stepped into the proceedings replacing the earlier I/O and not started proceedings de novo.

ਹਾਜਰੀ

1 ਸ੍ਰੀ ਐਮ.ਐਸ.ਕੰਗ, ਵਕੀਲ (ਪਟੀਸ਼ਨਰ)

2 ਸ੍ਰੀ ਅਸ਼ਵਨੀ ਪ੍ਰਾਸਰ, ਵਕੀਲ (ਉਤਰਵਾਦੀ ਧਿਰ 1,2 ਅਤੇ 4)

ਹੁਕਮ

ਪਟੀਸ਼ਨਰ ਦੇ ਵਕੀਲ ਐਮ.ਐਸ.ਕੰਗ ਵਲੋਂ ਦਿੱਤੀ ਪ੍ਰਤੀ ਬੇਨਤੀ ਮਿਤੀ 7-7-09 ਨੂੰ ਪੰਜਾਬ ਕੋਆਪ. ਸੁਸਾਇਟੀ ਐਕਟ 1961 ਦੀ ਧਾਰਾ 3(4) ਅਧੀਨ ਦਾਇਰ ਕੀਤੀ ਗਈ ਹੈ। ਇਸ ਕੇਸ ਦਾ ਸੰਖੇਪ ਵੇਰਵਾ ਇਸ ਤਰ੍ਹਾਂ ਹੈ:-

ਪਟੀਸ਼ਨਰ ਦੀ ਹੁਸ਼ਿਆਰਪੁਰ ਕੇਂਦਰੀ ਸਹਿਕਾਰੀ ਬੈਂਕ ਲਿਮ. ਹੁਸ਼ਿਆਰਪੁਰ ਵਿਚ ਬਤੌਰ ਕਲਰਕ ਕੰਮ ਕਰ ਰਹੀ ਹੈ। ਮਿਤੀ 26-12-08 ਨੂੰ ਸ੍ਰੀਮਤੀ ਗੁਰਦੇਵ ਕੌਰ, ਬਰਾਂਚ ਮੈਨੇਜਰ ਨੇ ਜਿਲਾ ਮੈਨੇਜਰ ਨੂੰ ਸਾਖਾ ਵਿਚ 2 ਕਰੋੜ ਰੁਪਏ ਦੇ ਗਬਨ ਸਬੰਧੀ ਸੂਚਿਤ ਕੀਤਾ ਸੀ। ਇਸ ਸਬੰਧੀ ਮਿਤੀ 27-12-08 ਨੂੰ ਜਿਲਾ ਮੈਨੇਜਰ ਵਲੋ ਮੁੱਢਲੀ ਪੜਤਾਲ ਕਰਵਾਈ ਗਈ। ਇਸ ਪੜਤਾਲ ਦੇ ਆਧਾਰ ਨੂੰ ਲੈ ਕੇ ਕਰਮਚਾਰੀਆਂ ਵਿਰੁੱਧ ਚਾਰਜਸੀਟ ਜਾਰੀ ਕੀਤੀ ਗਈ। ਜਿਸ ਵਿਚ ਪਟੀਸਨਰ ਵੀ ਸ਼ਾਮਿਲ ਹੈ। ਇਹ ਚਾਰਜਸੀਟ ਮਿਤੀ 22-1-09 ਨੂੰ ਜਾਰੀ ਹੋਈ। ਜਿਲਾ ਮੈਨੇਜਰ ਵਲੋ ਮਿਤੀ 6-3-09 ਨੂੰ ਸ੍ਰੀ ਮਲੋਕ ਸਿੰਘ, ਮੈਨੇਜਰ ਟਾਡਾਂ ਸਾਖਾ ਨੂੰ ਪੜਤਾਲ ਅਫਸਰ ਨਿਯੁਕਤ ਕੀਤਾ ਗਿਆ। ਪੜਤਾਲ ਅਫਸਰ ਵਲੋ ਮਿਤੀ 16-4-09 ਨੂੰ ਪੜਤਾਲ ਕਾਰਵਾਈ ਸ਼ੁਰੂ ਕੀਤੀ ਗਈ ਅਤੇ ਮਿਤੀ 21-5-09 ਨੂੰ ਸਮਾਪਤ ਕੀਤੀ ਗਈ। ਮਿਤੀ 29-5-09 ਨੂੰ ਪੜਤਾਲ ਅਫਸਰ ਦਾ ਐਕਸੀਡੈਂਟ ਹੋ ਗਿਆ। ਜਿਸ ਕਾਰਨ ਉਹ ਲੰਬੀ ਛੁੱਟੀ ਤੇ ਚਲਾ ਗਿਆ। ਇਸ ਲਈ ਮਿਤੀ 2-6-09 ਨੂੰ ਜਿਲਾ ਮੈਨੇਜਰ ਵਲੋ ਸ੍ਰੀ ਕਰਨੈਲ ਸਿੰਘ, ਮੈਨੇਜਰ ਡੁੰਗਾ ਬਰਾਂਚ ਆਫਿਸ ਨੂੰ ਨਵਾਂ ਪੜਤਾਲ ਅਫਸਰ ਨਿਯੁਕਤ ਕਰ ਦਿੱਤਾ ਗਿਆ। ਨਵੇਂ ਪੜਤਾਲ ਅਫਸਰ ਵਲੋ ਨਵੀਓ ਸਿਰਿਓ ਪੜਤਾਲ ਸੁਰੂ ਕੀਤੀ ਗਈ।

ਪਟੀਸ਼ਨਰ ਵਲੋ ਇਸ ਸਬੰਧੀ ਜਿਲਾ ਮੈਨੇਜਰ ਪਾਸ ਇਤਰਾਜ ਉਠਾਇਆ ਗਿਆ, ਜਿਸ ਨੂੰ ਜਿਲਾ ਮੈਨੇਜਰ ਵਲੋ ਰੱਦ ਕਰ ਦਿੱਤਾ ਗਿਆ। ( ਜੋ ਕਿ ਕਰਮਚਾਰੀ ਰੂਲਾਂ ਦੇ ਵਿਰੁੱਧ ਹੈ) ਕਿਉਕਿ ਨਵੇਂ ਪੜਤਾਲ ਅਫਸਰ ਵਲੋ ਪੜਤਾਲ ਨਵੇਂ ਸੀਰਿਉ ਸੁਰੂ ਨਾਂ ਕਰਕੇ ਜਿਥੋ ਤੱਕ ਪੜਤਲ ਪਹਿਲੇ ਅਫਸਰ ਵਲੋ ਕੀਤੀ ਗਈ ਸੀ, ਉਥੋ ਹੀ ਸੁਰੂ ਕਰਨੀ ਬਣਦੀ ਸੀ। ਜਿਲਾ ਮੈਨੇਜਰ ਵਲੋ ਪਟੀਸ਼ਨਰ ਦੀ ਬੇਨਤੀ ਨੂੰ ਰੱਦ ਕਰਨ ਦੇ ਹੁਕਮ ਪ੍ਰਬੰਧਕ ਕਮੇਟੀ ਵਲੋ ਸੋਪੇ ਗਏ ਅਧਿਕਾਰਾਂ ਦੀ ਵਰਤੋ ਕਰਦੇ ਹੋਏ ਕੀਤੇ ਗਏ ਹਨ। ਜਿਸ ਕਾਰਨ ਇਸ ਦੀ ਅਪੀਲ ਨਹੀਂ ਬਣਦੀ ਅਤੇ ਇਸ ਰਿੱਟ ਪਟੀਸਨ ਨੂੰ ਮੰਨਜੂਰ ਕਰਦੇ ਹੋਏ ਪਟੀਸ਼ਨਰ ਵਕੀਲ ਵਲੋ ਜਿਲਾ ਮੈਨੇਜਰ ਦੇ ਮਿਤੀ 26-6-09 ਦੇ ਹੁਕਮ ਰੱਦ ਕਰਕੇ ਉਤਰਵਾਦੀ ਨੰ. 4 (ਨਵੇਂ ਪੜਤਾਲ ਅਫਸਰ ) ਨੂੰ ਕਾਨੂੰਨ ਅਨੁਸਾਰ ਉਸ ਸਟੇਜ ਤੋ ਪੜਤਾਲ ਚਾਲੂ ਕਰਨ ਲਈ ਪਾਬੰਦ ਕੀਤਾ ਜਾਵੇ। ਜਿਥੋ ਤੱਕ ਇਹ ਪੜਤਾਲ ਹੋ ਚੁੱਕੀ ਹੈ, ਨਾਂ ਕੇ ਨਵਿਓਂ ਸਿਰਿਓਂ । ਸੁਣਵਾਈ ਉਪਰੰਤ ਦੂਜੀ ਧਿਰ ਨੂੰ ਹਾਜਰ ਆਉਣ ਲਈ ਨੋਟਿਸ ਜਾਰੀ ਕੀਤਾ ਗਿਆ। ਉਤਰਵਾਦੀ ਧਿਰ ਨੰ 1,2 ਅਤੇ 4 ਵਲੋ ਆਪਣੇ ਵਕੀਲ ਸ੍ਰੀ ਅਸਵਨੀ ਪ੍ਰਾਸਰ ਅਤੇ ਹਰਿਤ ਸਰਮਾ ਰਾਹੀਂ ਜਵਾਬਦਾਵਾ ਦਾਇਰ ਕੀਤਾ ਗਿਆ। ਦੋਵੇ ਧਿਰਾਂ ਦੀ ਬਹਿਸ ਦੌਰਾਨ ਉਤਰਵਾਦੀ ਵਕੀਲ

ਵਲੋ ਇਹ ਦਲੀਲ ਪੇਸ਼ ਕੀਤੀ ਗਈ, ਇਹ ਪਟੀਸ਼ਨ ਰੱਦ ਹੋਣੀ ਚਾਹੀਦੀ ਹੈ। ਕਿਉਂਕਿ ਪੜਤਾਲ ਅਫਸਰ ਵਲੋਂ ਅਜੇ ਤੱਕ ਕੋਈ ਵਿਰੋਧੀ ਕਥਨ ਪਾਸ ਨਹੀਂ ਕੀਤੇ ਗਏ। ਉਨ੍ਹਾਂ ਨੇ ਪੜਤਾਲ ਦੀ ਨਵਿਓਂ ਸਿਰਿਓਂ ਸ਼ੁਰੂ ਕਰਨ ਦੀ ਪ੍ਰਭਿਾਸਾ ਦਿੱਤੀ ਹੈ ਕਿ ਜਦੋ ਕਿ ਪੜਤਾਲ ਰਿਪੋਰਟ ਪ੍ਰਾਪਤ ਹੋ ਗਈ ਹੋਵੇ ਅਤੇ ਉਨ੍ਹਾਂ ਹੀ ਦੋਸਾ ਦੀ ਦੁਬਾਰਾ ਪੜਤਾਲ ਕਰਵਾਈ ਜਾਵੇ ਪਰ ਇਸ ਕੇਸ ਵਿਚ ਇਸ ਤਰ੍ਹਾਂ ਨਹੀਂ ਹੋਇਆ ਹੈ। ਪਟੀਸ਼ਨਰ ਦੀ ਮਿਤੀ 24-6-09 ਦੀ ਪ੍ਰਤੀ ਬੇਨਤੀ ਨੂੰ ਜਿਲਾ ਮੈਨੇਜਰ ਵਲੋ ਰੱਦ ਕੀਤਾ ਜਾਣਾ ਠੀਕ ਹੈ।

ਦੋਹਾਂ ਧਿਰਾਂ ਦੇ ਵਕੀਲਾਂ ਦੀ ਬਹਿਸ ਸੁਣੀ ਗਈ ਅਤੇ ਕੇਸ ਨਾਲ ਸਬੰਧਤ ਰਿਕਾਰਡ ਨੂੰ ਘੋਖਿਆ ਗਿਆ। ਇਸ ਕੇਸ ਵਿਚ ਪਟੀਸ਼ਨਰ ਵਕੀਲ ਵਲੋ ਕੋਈ ਵੀ ਇਸ ਤਰ੍ਹਾਂ ਦੀਆਂ ਹਦਾਇਤਾਂ ਜਾਂ ਹੋਰ ਤੱਥ ਪੇਸ ਨਹੀ ਕੀਤੇ ਗਏ ਜਿਸ ਤੋ ਇਸ ਗੱਲ ਦੀ ਪੁਸਟੀ ਹੋ ਸਕੇ ਕਿ ਨਵੇ ਪੜਤਾਲ ਅਫਸਰ ਲਈ ਪਾਬੰਦੀ ਹੋਵੇਗੀ ਕਿ ਜਿਥੋ ਤੱਕ ਪਹਿਲਾਂ ਪੜਤਾਲ ਅਫਸਰ ਵਲੋ ਪੜਤਾਲ ਕਰਵਾਈ ਗਈ ਹੋਵੇ, ਉਥੋ ਹੀ ਨਵੇਂ ਪੜਤਾਲ ਅਫਸਰ ਵਲੋਂ ਪੜਤਾਲ ਸੁਰੂ ਕੀਤੀ ਜਾਣੀ ਹੈ। ਪੰਜਾਬ ਸਰਕਾਰ ਦੇ ਡਿਪਾਂਟਮੈਂਟ ਆਫ ਪ੍ਰਸੋਨਲ ਅਤੇ ਐਡਮਿਨਿਸਟਰੇਟਿਵ ਰਿਫੋਰਮ ਦੀ ਪੰਜਾਬ ਸਰਵਿੱਸ (ਪਨਿਸਮੈਂਟ ਐਡ ਅਪੀਲ) ਰੂਲਜ 1970 ਅਧੀਨ ਜੇਕਰ ਪੜਤਾਲ ਅਫਸਰ ਨੂੰ ਪੜਤਾਲ ਸੋਪੀ ਗਈ ਹੈ ਤਾਂ ਜਾਰੀ ਗਾਈਡ ਲਾਈਨ ਦੀ ਧਾਰਾ 10 ਵਿਚ ਸਪਸ਼ਟ ਕੀਤਾ ਹੋਇਆ ਹੈ ਕਿ ਨਿਆਂ ਪੱਖ ਵਿਚ ਉਹ ਪੜਤਾਲ ਕਿਸੇ ਥਾਂ ਤੇ ਵੀ ਸੁਰੂ ਕਰ ਸਕਦਾ ਹੈ।

ਇਸ ਲਈ ਮੈਂ ਉਤਰਵਾਦੀ ਵਕੀਲ ਵਲੋ ਦਿੱਤੀ ਗਈ ਨਵਿਓਂ ਸਿਰਿਓਂ ਪੜਤਾਲ ਦੀ ਪ੍ਰਭਿਾਸਾ ਨਾਲ ਸਹਿਮਤ ਹੁੰਦੇ ਹੋਏ ਪਟੀਸਨਰ ਦੀ ਅਪੀਲ ਖਾਰਜ ਕਰਦਾ ਹਾਂ।

ਫੈਸਲਾ ਖੁਲੀ ਅਦਾਲਤ ਵਿਚ ਸੁਣਾ ਦਿੱਤਾ ਗਿਆ। ਮਿਸਲ ਰਿਕਾਰਡ ਰੂਮ ਵਿਚ ਭੇਜੀ ਜਾਵੇ।

ਮਿਤੀ : 27-10-09

ਰਜਿਸਟਰਾਰ 27/10/09
ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ।